# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

## (ਕੰਟਰੋਲ ਰੂਮ ਕੋਵਿਡ-19)

**ਹੁਕਮ**

ਕੋਵਿਡ-19 ਦੇ ਕਾਰਨ ਵਿਦੇਸ਼ਾਂ ਤੋਂ ਭਾਰਤ ਵਾਪਿਸ ਪਰਤੇ ਨਾਗਰਿਕਾਂ ਨੂੰ 14 ਦਿਨ੍ਹਾਂ ਦੇ ਏਕਾਂਤਵਾਸ ਲਈ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਹੋਟਲਾਂ ਵਿਚ ਠਹਿਰਾਇਆ ਗਿਆ ਹੈ। ਇਸ ਸਬੰਧੀ ਸ੍ਰੀ ਸ਼ਮਸ਼ੇਰ ਸਿੰਘ ਵਾਸੀ ਪਿੰਡ ਜੈ ਰਣਕੋਟ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਜੋ ਦੁਬਈ ਤੋਂ ਵਾਪਿਸ ਆਇਆ ਹੈ ਅਤੇ ਇਸ ਸਮੇਂ ਸਵਾਮੀ ਵਿਵੇਕਾਨੰਦ ਰੀਹੈਬ ਸੈਂਟਰ ਵਿਖੇ ਹੈ ਦੇ ਵੱਲੋਂ ਪ੍ਰਤੀਬੇਨਤੀ ਪ੍ਰਾਪਤ ਹੋਈ ਹੈ, ਜਿਸ ਅਨੁਸਾਰ ਦੁਬਈ ਵਿਚ ਉਸਦੇ ਸਿਰ ਉੱਤੇ ਸੱਟ ਲੱਗ ਜਾਣ ਦੇ ਕਾਰਨ ਉਸਨੂੰ ਹਸਪਤਾਲ ਵਿਚ ਰਹਿਣਾ ਪਿਆ ਅਤੇ ਉਹ ਭਾਰਤ ਵਾਪਿਸ ਆਪਣਾ ਇਲਾਜ਼ ਕਰਾਉਣ ਆਇਆ ਹੈ। ਇਸ ਸਬੰਧੀ ਉਸ ਵੱਲੋਂ ਆਪਣਾ ਡਾਕਟਰੀ ਸਰਟੀਫਿਕੇਟ ਵੀ ਨਾਲ ਨੱਥੀ ਕੀਤਾ ਗਿਆ ਹੈ, ਜਿਸ ਅਨੁਸਾਰ ਉਸ ਦਾ contusion of other part of head, initial encounter, epidural hemorrhage with loss of consciousness of unspecified duration, initial encounter, contusion and laceration of cerebrum, unspecified, with loss of consciousness of unspecified duration, initial encounter and fracture of vault of skull, inital encounter for closed fracture ਦਾ ਇਲਾਜ ਕੀਤਾ ਗਿਆ ਹੈ ਅਤੇ ਡਾ. ਭਾਰਤੀ ਧਵਨ, ਨੋਡਲ ਅਫਸਰ, ਸਵਾਮੀ ਵਿਵੇਕਾਨੰਦ ਰੀਹੈਬ ਸੈਂਟਰ ਵੱਲੋਂ ਉਸਦੀ ਮੈਡੀਕੀਲ ਕੰਡੀਸ਼ਨ ਦੇ ਮੱਦੇਨਜ਼ਰ ਉਸਨੂੰ ਘਰ ਵਿਚ ਏਕਾਂਤਵਾਸ ਲਈ ਭੇਜਣ ਦੀ ਸਿਫਾਰਿਸ਼ ਕੀਤੀ ਹੈ, ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸਦੇ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਸ ਦਾ ਏਕਾਂਤਵਾਸ ਘਰ ਵਿਚ ਪੂਰਾ ਕਰਨ ਦੀ ਆਗਿਆ ਦਿੱਤੀ ਜਾਵੇ।

ਪੰਜਾਬ ਸਰਕਾਰ, ਸਿਹਤ ਵਿਭਾਗ ਵੱਲੋਂ ਪੱਤਰ ਨੰਬਰ ਕੋਵਿਡ-19/4ਐਚ.ਬੀ./2020/ਸਪੈਸ਼ਲ-1 ਮਿਤੀ 25.05.2020 ਰਾਹੀਂ ਵਿਦੇਸ਼ਾਂ ਤੋਂ ਭਾਰਤ ਵਾਪਿਸ ਪਰਤੇ ਨਾਗਰਿਕਾਂ ਲਈ ਹਦਾਇਤਾਂ ਜ਼ਾਰੀ ਕੀਤੀਆ ਗਈਆਂ ਹਨ, ਇਹਨਾਂ ਹਦਾਇਤਾਂ ਦੇ ਪੈਰਾ ਨੰਬਰ 1 ਦੇ ਸਬ ਪੈਰਾ ਨੰਬਰ (vi) ਅਨੁਸਾਰ ਸਬੰਧਤ ਡਿਪਟੀ ਕਮਿਸ਼ਨਰ ਇਹਨਾਂ ਨਾਗਰਿਕਾਂ ਦੇ ਅਸਾਧਾਰਣ ਹਾਲਾਤਾਂ ਜਿਵੇਂ ਕਿ ਗਰਭਾਵਸਥਾ/ਕਰੀਬ ਦੇ ਰਿਸ਼ਤੇਦਾਰ ਦੀ ਮੌਤ/ਗੰਭੀਰ ਦਿਮਾਗੀ ਬਿਮਾਰੀ ਦੇ ਮੱਦੇਨਜ਼ਰ ਉਹਨਾਂ ਨੂੰ institutional ਏਕਾਂਤਵਾਸ ਦੀ ਥਾਂ ਤੇ ਘਰ ਵਿਚ ਏਕਾਂਤਵਾਸ ਦੀ ਆਗਿਆ ਦੇ ਸਕਦੇ ਹਨ ਅਤੇ ਇਸ ਸਬੰਧੀ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਜਾਵੇਗਾ।

ਪੰਜਾਬ ਸਰਕਾਰ ਦੀਆਂ ਉਕਤ ਹਦਾਇਤਾਂ ਦੇ ਸਨਮੁੱਖ ਸ੍ਰੀ ਸ਼ਮਸ਼ੇਰ ਸਿੰਘ ਵਾਸੀ ਪਿੰਡ ਜੈ ਰਣਕੋਟ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਜੋ ਕਿ ਇਸ ਸਮੇਂ ਸਵਾਮੀ ਵਿਵੇਕਾਨੰਦ ਰੀਹੈਬ ਸੈਂਟਰ, ਅੰਮ੍ਰਿਤਸਰ ਵਿਖੇ ਹੈ, ਦੀ ਮੈਡੀਕਲ ਕੰਡੀਸ਼ਨ ਅਤੇ ਡਾਕਟਰ ਭਾਰਤੀ ਧਵਨ, ਨੋਡਲ ਅਫਸਰ ਸਵਾਮੀ ਵਿਵੇਕਾਨੰਦ ਰੀਹੈਬ ਸੈਂਟਰ ਦੀ ਸਿਫਾਰਿਸ਼ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਦਾ ਕੇਸ ਅਸਾਧਾਰਣ ਹਾਲਾਤਾਂ ਦਾ ਹੋਣ ਕਰਕੇ, ਇਸ ਦਾ ਬਾਕਿ ਰਹਿੰਦਾ ਏਕਾਂਤਵਾਸ ਘਰ ਵਿਚ ਪੂਰਾ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਘਰ ਵਿਚ ਏਕਾਂਤਵਾਸ ਦੌਰਾਨ ਕੋਵਿਡ-19 ਦੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਏਗੀ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ ਕੋਵਿਡ-19/2031-37 ਮਿਤੀ: 23/6/2020

ਇਸ ਦਾ ਇੱਕ ਉਤਾਰਾ:-6

1. ਸੀਨੀਅਰ ਕਪਤਾਨ ਪੁਲਿਸ,ਅੰਮ੍ਰਿਤਸਰ ਦਿਹਾਤੀ,
2. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ,
3. ਉਪ ਮੰਡਲ ਮੈਜਿਸਟਰੇਟ, ਅਜਨਾਲਾ ਨੂੰ ਸੂਚਨਾ ਹਿੱਤ।
4. ਸਿਵਲ ਸਰਜਨ, ਅੰਮ੍ਰਿਤਸਰ ਨੂੰ ਸੂਚਨਾ ਅਤੇ ਪ੍ਰਾਰਥੀ ਦੇ ਕੋਵਿਡ-19 ਟੈਸਟ ਕਰਾਉਣ ਸਬੰਧੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
5. ਇੰਚਾਰਜ਼, ਸਵਾਮੀ ਵਿਵੇਕਾਨੰਦ ਕਾਲਜ, ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਾਸੀ ਪਿੰਡ ਜੈ ਰਣਕੋਟ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਨੂੰ ਘਰ ਭੇਜਣ ਤੋਂ ਪਹਿਲਾਂ ਉਸਦੀ ਪ੍ਰਤੀਬੇਨਤੀ ਸਬੰਧੀ ਤੱਥਾਂ ਦੀ ਪੜਤਾਲ ਕਰ ਲਈ ਜਾਵੇ।
6. ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਅੰਮ੍ਰਿਤਸਰ ਨੂੰ ਸੂਚਨਾ ਅਤੇ ਪ੍ਰਾਰਥੀ ਨੂੰ ਹੋਮ ਕੋਰਨਟਾਈਨ ਕਰਵਾਉਣ ਸਬੰਧੀ ਲੋੜੀਂਦੀ ਕਾਰਵਾਈ ਹਿੱਤ।
7. ਪ੍ਰਾਰਥੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner